The Employers' Adviser

British Columbia | Employers' Advisers Office

A newsletter by the Employers' Advisers Office, a Branch of the BC Ministry of Labour

*ਇਮਪਲੌਏਅਰਜ਼ ਐਡਵਾਈਜ਼ਰਜ਼ ਦਾ ਦਫ਼ਤਰ, ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ ` ਤੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

ਸਾਰਿਆਂ ਲਈ ਖ਼ੁਸ਼ੀਆਂ ਭਰੇ ਛੁੱਟੀਆਂ ਦੇ ਮੌਸਮ (ਸੀਜ਼ਨ) ਲਈ ਕਾਮਨਾ ਕਰਦੇ ਹਾਂ।

**2025 ਦੀਆਂ ਸਰਦੀਆਂ ਦੇ ਸੈਮੀਨਾਰਾਂ ਲਈ ਹੁਣ ਰਜਿਸਟਰ ਕਰੋ**

ਕਿਰਪਾ ਕਰ ਕੇ ਜਨਵਰੀ-ਮਾਰਚ 2025 ਲਈ ਸਾਡੇ ਪ੍ਰਬੰਧਕੀ ਸਿਸਟਮ ਨੂੰ ਸਿੱਖਣ ਬਾਰੇ ਸਾਡੀਆਂ ਆਉਣ ਵਾਲੀਆਂ ਪੇਸ਼ਕਸ਼ਾਂ ਨੂੰ ਦੇਖੋ:

**EAO Seminars**

ਈ ਏ ਓ ਸੈਮੀਨਾਰ

**ਫਸਟ ਏਡ ਦੀਆਂ ਤਬਦੀਲੀਆਂ ਹੁਣ ਲਾਗੂ ਹਨ**

ਰਿਮਾਈਂਡਰ! ਵਰਕਸੇਫਬੀਸੀ ਦੇ ਫ਼ਸਟ ਏਡ ਆਕੂਪੇਸ਼ਨਲ ਹੈਲਥ ਐਂਡ ਸੇਫ਼ਟੀ ਰੈਗੂਲੇਸ਼ਨ ਵਿੱਚ ਮਹੱਤਵਪੂਰਨ ਤਬਦੀਲੀਆਂ 1 ਨਵੰਬਰ, 2024 ਨੂੰ ਲਾਗੂ ਹੋ ਗਈਆਂ ਹਨ। ਇਨ੍ਹਾਂ ਤਬਦੀਲੀਆਂ ਦਾ ਵੱਧ-ਖ਼ਤਰੇ, ਘੱਟ-ਪਹੁੰਚ ਯੋਗ, ਅਤੇ ਵਧੇਰੇ ਦੂਰ-ਦੁਰਾਡੇ ਕੰਮ ਵਾਲੇ ਥਾਵਾਂ 'ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਪਰ ਸੂਬੇ ਭਰ ਦੇ ਸਾਰੇ ਕੰਮ-ਮਾਲਕ ਇਹਨਾਂ ਸੋਧਾਂ ਲਈ ਪਾਬੰਦ ਹਨ।

ਤੁਸੀਂ ਵਰਕਸੇਫਬੀਸੀ ਦੀ ਵੈੱਬਸਾਈਟ 'ਤੇ ਫ਼ਸਟ ਏਡ ਦੀਆਂ ਨਵੀਂਆਂ ਸ਼ਰਤਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇੱਥੇ ਕਲਿੱਕ ਕਰੋ: ਫ਼ਸਟ ਏਡ ਦੀਆਂ ਸ਼ਰਤਾਂ-ਵਰਕਸੇਫਬੀਸੀ First aid requirements - WorkSafeBC

ਇਮਪਲੋਏਅਰਜ਼ ਐਡਵਾਈਜ਼ਰਜ਼ ਨੇ ਫ਼ਸਟ ਏਡ ਵਿੱਚ ਤਬਦੀਲੀਆਂ ਬਾਰੇ ਕਈ ਜਾਣਕਾਰੀ ਸੈਸ਼ਨ ਦਿੱਤੇ ਹਨ। ਸਾਡੇ ਲਰਨਿੰਗ ਮੈਨੇਜਮੈਂਟ ਸਿਸਟਮ ਉੱਪਰ ਇਨ੍ਹਾਂ ਦੀ ਰਿਕਾਰਡਿੰਗ ਉਪਲਬਧ ਹੈ। ਇੱਥੇ ਕਲਿੱਕ ਕਰੋ: ਆਕੂਪੇਸ਼ਨਲ ਫ਼ਸਟ ਏਡ ਵਿੱਚ ਤਬਦੀਲੀਆਂ: ਕੰਮ-ਮਾਲਕਾਂ ਨੂੰ ਕੀ ਜਾਣਨ ਦੀ ਲੋੜ ਹੈ : Occupational First Aid Changes: What Employers Need to Know. ਅਸੀਂ ਆਪਣੀ ਵੈੱਬਸਾਈਟ ਦੇ ਵਸੀਲਿਆਂ (ਰੀਸੋਰਸਜ਼) ਵਾਲੇ ਭਾਗ ਵਿੱਚ ਫ਼ਸਟ ਏਡ "ਅਕਸਰ ਪੁੱਛੇ ਜਾਣ ਵਾਲੇ ਸਵਾਲ" ਵਾਲਾ ਦਸਤਾਵੇਜ਼ ਵੀ ਸ਼ਾਮਲ ਕੀਤਾ ਹੈ। ਇੱਥੇ ਕਲਿੱਕ ਕਰੋ: ਇਮਪਲੋਏਅਰਜ਼ ਐਡਵਾਈਜ਼ਰਜ਼ ਆਫ਼ਿਸ - ਵਸੀਲੇ : Employers' Advisers Office - Resources

ਇਹ ਮਹੱਤਵਪੂਰਨ ਹੈ ਕਿ ਸਾਰੇ ਕੰਮ-ਮਾਲਕ, ਵੱਡੇ ਅਤੇ ਛੋਟੇ, ਅੱਪਡੇਟ ਕੀਤੇ ਨਿਯਮ 'ਤੇ ਝਾਤ ਮਾਰਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਪਾਲਣਾ ਕਰਦੇ ਹੋ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਆਪਣੀ ਕੰਮ ਵਾਲੀ ਥਾਂ ਦੀ ਸਥਿਤੀ ਬਾਰੇ ਕਿਸੇ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਐਡਵਾਈਜ਼ਰ ਨਾਲ ਗੱਲ ਕਰਨ ਲਈ 1-800-925-2233 'ਤੇ ਫੋਨ ਕਰੋ।

WORK SAFE BC

**ਖੋਜ ਦਾ ਮੌਕਾ**

ਵਰਕਸੇਫਬੀਸੀ ਕੰਮ-'ਤੇ-ਰਹਿਣ / ਕੰਮ-'ਤੇ-ਵਾਪਸੀ ਬਾਰੇ ਖੋਜ ਅਧਿਐਨ ਲਈ ਫ਼ੰਡ ਦੇ ਰਿਹਾ ਹੈ। ਅਧਿਐਨ ਦੀ ਅਗਵਾਈ ਡਾ.ਡਵੇਨ ਵੈਨ ਈਰਡ Dr. Dwayne Van Eerd ਅਤੇ ਐਮਾ ਇਰਵਿਨ Emma Irvin, ਇੰਸਟੀਚਿਊਟ ਫ਼ਾਰ ਵਰਕ ਐਂਡ ਹੈਲਥ the Institute for Work & Health ਦੇ ਖੋਜਕਰਤਾਵਾਂ ਦੁਆਰਾ ਕੀਤੀ ਜਾ ਰਹੀ ਹੈ। ਇੰਸਟੀਚਿਊਟ ਫ਼ਾਰ ਵਰਕ ਐਂਡ ਹੈਲਥ (ਆਈ ਡਬਲਿਊ ਐੱਚ) ਕੈਨੇਡਾ ਅਤੇ ਹੋਰ ਜ਼ਿਆਦਾ-ਆਮਦਨ ਵਾਲੇ ਦੇਸ਼ਾਂ ਵਿੱਚ ਕੰਮ 'ਤੇ ਰਹਿਣ/ਕੰਮ 'ਤੇ ਵਾਪਸੀ (ਐੱਸ ਏ ਡਬਲਿਊ/ਆਰ ਟੀ ਡਬਲਿਊ) ਨੂੰ ਸਮਰਥਨ ਦੇਣ ਲਈ ਉਤਸ਼ਾਹ-ਅਧਾਰਿਤ(ਇਨਸੈਂਟਿਵ-ਬੇਸਡ) ਪਹੁੰਚਾਂ ਨੂੰ ਬਿਹਤਰ ਢੰਗ ਨਾਲ ਸਮਝਣ ਦੇ ਉਦੇਸ਼ ਨਾਲ **ਇੱਕ ਖੋਜ ਅਧਿਐਨ ਲਈ 45-60 ਮਿੰਟ ਦੀ ਇੰਟਰਵਿਊ ਵਿੱਚ ਭਾਗ ਲੈਣ ਲਈ ਬੀ.ਸੀ. ਦੇ ਕੰਮ-ਮਾਲਕਾਂ ਦੀ ਭਰਤੀ ਕਰ ਰਿਹਾ ਹੈ।**

ਖੋਜ ਦੇ ਮੁਖ ਸਵਾਲ ਹੇਠ ਲਿਖੇ ਅਨੁਸਾਰ ਹਨ:

1. ਕੰਮ 'ਤੇ ਰਹਿਣ/ਕੰਮ 'ਤੇ ਵਾਪਸੀ ਨੂੰ ਉਤਸ਼ਾਹਿਤ ਕਰਨ ਲਈ ਕਿਹੜੀਆਂ ਉਤਸ਼ਾਹ-ਆਧਾਰਿਤ ਪਹੁੰਚਾਂ ਦੀ ਵਰਤੋਂ ਕੀਤੀ ਜਾਂਦੀ ਹੈ?

2. ਕੰਮ 'ਤੇ ਰਹਿਣ/ਕੰਮ 'ਤੇ ਵਾਪਸੀ ਨੂੰ ਉਤਸ਼ਾਹਿਤ ਕਰਨ ਲਈ ਇਹ ਪਹੁੰਚਾਂ ਕਿਹੜੀਆਂ ਹਾਲਤਾਂ ਵਿੱਚ ਪ੍ਰਭਾਵਸ਼ਾਲੀ ਹਨ?

3. ਕੀ ਇਹਨਾਂ ਉਤਸ਼ਾਹਾਂ (ਇਨਸੈਂਟਿਵਜ਼) ਦੇ ਕੰਮ 'ਤੇ ਰਹਿਣ/ਕੰਮ 'ਤੇ ਵਾਪਸੀ ਤੋਂ ਇਲਾਵਾ ਹੋਰ ਕੋਈ ਲਾਭ ਹਨ?

ਇਹਨਾਂ ਸਵਾਲਾਂ ਦੇ ਜਵਾਬ ਦੇਣ ਲਈ, ਖੋਜ ਟੀਮ ਮੌਕੇ ਦੇ ਮੁਲਾਂਕਣ (ਅਨਵਾਇਰਮੈਂਟਲ ਸਕੈਨ) ਦਾ ਬੰਦੋਬਸਤ ਕਰ ਰਹੀ ਹੈ, ਜਿਸ ਵਿੱਚ ਮੁੱਖ ਜਾਣਕਾਰੀ ਦੇਣ ਵਾਲੇ ਵਿਸ਼ੇ ਨਾਲ ਸੰਬੰਧਿਤ ਮਾਹਰਾਂ ਨਾਲ ਇੰਟਰਵਿਊਆਂ ਦਾ ਆਯੋਜਨ ਕਰਨਾ ਸ਼ਾਮਲ ਹੈ। ਮੁੱਖ ਲਭਤਾਂ ਨੂੰ ਪੂਰੀ ਰਿਪੋਰਟ ਵਿੱਚ ਆਈ ਡਬਲਿਊ ਐੱਚ ਦੀ ਵੈੱਬਸਾਈਟ 'ਤੇ ਜਨਤਕ ਤੌਰ 'ਤੇ ਉਪਲਬਧ ਕਰਵਾਇਆ ਜਾਵੇਗਾ।

**ਜੇਕਰ ਇਹ ਤੁਹਾਡੇ ਲਈ ਦਿਲਚਸਪੀ ਵਾਲਾ ਹੈ, ਤਾਂ ਕਿਰਪਾ ਕਰਕੇ ਹਾਦੀਆ ਰਫੀਕਜ਼ਾਦ (hrafiqzad@iwh.on.ca) ਨਾਲ ਸੰਪਰਕ ਕਰੋ ਅਤੇ ਉਹ ਤੁਹਾਨੂੰ ਅਗਲੇ ਕਦਮਾਂ ਬਾਰੇ ਦੱਸਣਗੇ।**

**ਮੌਜੂਦਾ ਜਨਤਕ ਸੁਣਵਾਈਆਂ ਅਤੇ ਸਲਾਹ-ਮਸ਼ਵਰੇ**

ਨਵੇਂ ਫ਼ਸਟ ਏਡ ਨਿਯਮਾਂ ਦੇ ਸਮਰਥਨ ਵਿੱਚ ਸੋਧੀਆਂ ਸੇਧਾਂ 30 ਦਸੰਬਰ, 2024 ਤੱਕ ਸਲਾਹ-ਮਸ਼ਵਰੇ ਲਈ ਖੁੱਲ੍ਹੀਆਂ ਹਨ। ਹੋਰ ਜਾਣਕਾਰੀ ਲਈ ਅਤੇ ਸਬਮਿਸ਼ਨ ਕਰਨ ਲਈ, ਕਿਰਪਾ ਕਰ ਕੇ ਵਰਕਸੇਫਬੀਸੀ ਦੀ ਵੈੱਬਸਾਈਟ ਵੇਖੋ: ਮੌਜੂਦਾ ਜਨਤਕ ਸੁਣਵਾਈਆਂ ਅਤੇ ਸਲਾਹ-ਮਸ਼ਵਰੇ - ਵਰਕਸੇਫਬੀਸੀ। Current Public Hearings & Consultations - WorkSafeBC




**ਇਮਪਲੋਏਅਰਜ਼ ਐਡਵਾਈਜ਼ਰਜ਼** ਕੋਲ ਵਰਕਰਜ਼ ਕੰਪਨਸੇਸ਼ਨ ਦੇ ਸਾਰੇ ਖੇਤਰਾਂ ਵਿੱਚ ਮੁਹਾਰਤ ਹੈ। ਜੇਕਰ ਤੁਹਾਡੇ ਕੋਲ ਕਲੇਮਾਂ, ਮੁਲਾਂਕਣਾਂ ਜਾਂ ਕੰਮ ਵਾਲੀ ਥਾਂ ਦੀ ਕਿੱਤਾਮੁਖੀ ਸਿਹਤ (ਆਕੂਪੇਸ਼ਨਲ ਹੈਲਥ) ਅਤੇ ਸੁਰੱਖਿਆ ਨਾਲ ਸੰਬੰਧਿਤ ਕਿਸੇ ਵੀ ਚੀਜ਼ ਬਾਰੇ ਸਵਾਲ ਹਨ, ਤਾਂ ਸਾਡੇ ਕਿਸੇ ਡਿਊਟੀ ਉੱਪਰ ਹੋਣ ਵਾਲੇ ਸਲਾਹਕਾਰ ਨਾਲ ਗੱਲ ਕਰਨ ਲਈ ਸਾਡੇ ਨਾਲ ਸੰਪਰਕ ਕਰੋ। ਅਸੀਂ ਵਰਕਸੇਫਬੀਸੀ ਤੋਂ ਵੱਖਰੇ ਹਾਂ, ਸਾਡੀਆਂ ਸੇਵਾਵਾਂ ਬਿਨਾਂ ਕਿਸੇ ਵਾਧੂ ਕੀਮਤ ਦੇ ਉਪਲਬਧ ਹਨ, ਅਤੇ ਸਾਰੀਆਂ ਕਾਲਾਂ ਗੁਪਤ ਹੁੰਦੀਆਂ ਹਨ।

ਸਾਨੂੰ ਫ਼ੋਨ ਕਰੋ: **1-800-925-2233** ਜਾਂ ਸਾਨੂੰ ਈਮੇਲ ਕਰੋ: **EAO@eao-bc.org**


**ਈ ਏ ਓ ਦੇ ਸਥਾਨ: ਕੈਮਲੂਪਸ; ਕੇਲੋਨਾ; ਲੈਂਗਲੀ; ਨਨਾਇਮੋ; ਪ੍ਰਿੰਸ ਜਾਰਜ; ਰਿਚਮੰਡ; ਟ੍ਰੇਲ; ਵਿਕਟੋਰੀਆ**

**ਫ਼ੋਨ: 1-800-925-2233; ਫੈਕਸ: 1-855-664-7993; www.gov.bc.ca/employersadvisers**



ਆਪਣੀਆਂ ਈਮੇਲ ਤਰਜੀਹਾਂ ਨੂੰ ਅਪਡੇਟ ਕਰਨ ਜਾਂ ਅਨਸਬਸਕ੍ਰਾਈਬ ਕਰਨ ਲਈ ਇੱਥੇ ਕਲਿੱਕ ਕਰੋ। Click here to update your email preferences or unsubscribe.